ੴ

ਸ੍ਰੀ ਸਤਿਗੁਰੂ ਰਾਮਸਿੰਘ ਜੀ ਸਹਾਇ

ਬਚਿਤ੍ਰਤਾ ਸੋ ਸੰਤਤ੍ਰਤਾ ਵਰਤਹਿ

ਤਬੀ ਸਾਧੁਤਾ ਸੁਭ ਵਰਤਹਿ

ਅਕਾਲ ਪੁਰਖ
ਸ੍ਰੀ ਸਤਿਗੁਰੂ ਰਾਮਸਿੰਘ ਜੀ
ਦੇ ਸ਼ੁਭ ਆਗਮਨ ਦੀ
ਸਭ ਨੂੰ ਵਧਾਈ ਹੋਵੇ

Santokh Singh
Namdhari

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮਸਿੰਘ ਜੀ ਸਹਾਇ

# ਦੁਆਦਸ ਪੁਰਖ ਹੈ ਆਦਿ ਸੇ , ਸਭਹਨ ਕੇ ਸਿਰਮੌਰ
# ਸ਼ਕਤ ਅਨੰਤੀ ਆਇ ਹੈਂ, ਆਦਿ ਇਹੈ, ਨਹੀਂ ਔਰ

ਪਾਤਸ਼ਾਹੀ ਬਾਰ੍ਹਵੀਂ ਪਾਤਸ਼ਾਹੀ



ਬਾਰ੍ਹਵੀਂ ਪਾਤਸ਼ਾਹੀ ਬਾਰ੍ਹਵੀਂ

Sri Satguru Jagjit Singh Ji Elibrary NamdhariElibrary@gmail.com

NO. ..................

DATE ..................

ਸੰਕਟ ਨਹੀ ਪਰੈ, ਜੋਨ ਨਹੀ ਆਵੈ
ਨਾਮ ਨਿਰੰਜਨ ਜਾ ਕੋ ਰੇ ।
ਕਬੀਰ ਕੋ ਸੁਆਮੀ ਐਸੋ ਠਾਕੁਰ
ਜਾ ਕਾ ਮਾਈ ਨ ਬਾਪੋ ਰੇ ॥

ਸ੍ਰੀ ਬਾਬਾ ਜੱਸਾ ਸਿੰਘ ਜੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਪਣਾ ਪੁਤ੍ਰ ਹੀ ਸਮਝਦੇ ਸਨ, ਪੁਤ੍ਰਾਂ ਵਾਂਗ ਹੀ ਸਤਿਗੁਰ ਜੀ ਦਾ ਪਾਲਣ ਪੋਸਣ ਕਰਦੇ ਸਨ। ਬਾਬਾ ਜੀ ਨੂੰ ਕਦੀ ਸੁਪਨੇ ਵਿਚ ਵੀ ਇਹ ਖਿਆਲ ਨਹੀਂ ਸੀ ਆਇਆ ਕਿ ਇਹ ਬਾਲਕ ਖੁਦ ਅਕਾਲ ਪੁਰਖ ਮੇਰੇ ਘਰ ਪ੍ਰਗਟ ਹੋਇਆ ਹੈ। ਇਸੇ ਲਈ ਜਿਥੇ ਉਹ ਅਪਣੇ ਪੁਤ੍ਰ ਦੀ ਵਧਦੀ ਸੋਭਾ ਵੇਖਕੇ ਪ੍ਰਸੰਨ ਹੁੰਦੇ, ਉਥੇ ਲੋਕਾਂ ਦੇ ਉਲ੍ਹਾਮੇ ਸੁਣ ਕੇ ਘਬਰਾ ਵੀ ਜਾਂਦੇ ਸਨ।

ਇਕ ਦਿਨ ਬਾਬਾ ਜੀ ਸਤਿਗੁਰੂ ਜੀ ਦੇ ਖਾਸ ਸੇਵਕ ਸੰਤ ਲਹਿਣਾ ਸਿੰਘ ਜੀ ਅਗੇ ਝੂਰੇ ਕਿ ਭਾਈ ਤੂੰ ਇਨ੍ਹਾਂ ਨੂੰ (ਸਤਿਗੁਰੂ ਜੀ ਨੂੰ) ਸਮਝਾ ਕਿ ਇਹ ਅਪਣਾ ਨਿਤ ਨੇਮ ਚੁਪਚਾਪ ਕਰਕੇ ਘਰ ਬਹਿ ਕੇ ਕਰ ਲਿਆ ਕਰਨ, ਲੋਕਾਂ ਨੂੰ ਕੁਝ ਨ ਆਖਿਆ ਕਰਨ, ਲੋਕੀ ਥਾਣੇ ਜਾ ਕੇ ਸ਼ਕੈਤਾਂ ਲਿਖਾ ਆਉਂਦੇ ਹਨ, ਮੈਨੂੰ ਡਰ ਲਗਦਾ ਹੈ ਕਿ ਸਰਕਾਰ ਮੇਰੇ ਮੁੰਡੇ ਨੂੰ ਕੋਈ ਤਕਲੀਫ ਨਾ ਦੇਵੇ, ਮੈਨੂੰ ਕਈਆਂ ਸਿਖਾਂ ਨੇ ਦਸਿਆ ਹੈ ਕਿ ਕਈ ਖੁਫੀਆ ਮੁਖਬਰ (C.I.D) ਇਥੇ ਆਉਂਦੇ ਜਾਂਦੇ ਹਨ।

ਸੰਤ ਲਹਿਣਾ ਸਿੰਘ ਜੀ ਨੇ ਬਾਬਾ ਜੀ ਦੀ ਸਾਰੀ ਗਲ ਸ੍ਰੀ ਸਤਿਗੁਰ ਜੀ ਨੂੰ ਜਾ ਦੱਸੀ। ਸਤਿਗੁਰੂ ਜੀ ਨੇ ਬਾਬਾ ਜੀ ਦੀ ਚਿੰਤਾ ਮਿਟਾਉਣ ਵਾਸਤੇ ਇਕ ਦਿਨ ਭਰੇ ਦੀਵਾਨ ਵਿਚ ਆਦਰ ਸਹਿਤ ਬਾਬਾ ਜੀ ਨੂੰ ਆਖਿਆ ਕਿ ਬਾਬਾ ਜੀ! ਆਪ ਸਚੋ ਸਚ ਦਸੋ ਕਿ ਠੀਕ ਮੈਂ ਤੁਹਾਡਾ ਪੁਤ੍ਰ ਹਾਂ? ਆਪ ਬਿਨਾ ਝਿਜਕ ਮੇਰੇ ਜਨਮ ਦਾ ਸਾਰਾ ਹਾਲ ਸੁਣਾਓ। ਸ੍ਰੀ ਸਤਿਗੁਰੂ ਬਿਲਾਸ ਵਿਚ ਇਸਤਰ੍ਹਾਂ ਲਿਖਿਆ ਹੈ

ਮੇਰੇ ਜਨਮ ਕਾਲ ਕਾ ਸੁਣਾਓ ਹਾਲ ਸਾਚੋ ਸਾਚ,
ਝੂਠ ਨ ਉਚਾਰੋ, ਇਕ ਰਾਈ ਸਮ ਤਾਤ ਜੀ

ਤੂੰ ਜੋ ਜਾਣੈਂ ਮੇਰੇ ਤਾਤ, ਬਡੀ ਹੈ ਅਚੰਭ ਬਾਤ,
ਕੌਤਕਨਿਹਾਰ, ਤਿਸੁ, ਕਰੋ ਬਿਖਿਆਤ ਜੀ.

NO.

DATE

ਇਹ ਸੁਣਦਿਆਂ ਸਾਰ ਬਾਬਾ ਜੀ ਕਿਸੇ ਗਹਿਰੀ ਸੋਚ ਵਿਚ ਪੈ ਗਏ, ਇਕ ਬੜੀ ਪੁਰਾਣੀ ਘਟਨਾ ਯਾਦ ਆ ਗਈ, ਕਹਿਣ ਲੱਗੇ ਕਿ ਹੇ ਪੁਤ੍ਰ। ਜਿਸ ਸਮੇਂ ਤੇਰਾ ਜਨਮ ਹੋਇਆ ਸੀ, ਦਾਈ ਨੇ ਇਕ ਮਸ਼ਕ ਜਹੀ ਲਿਆ ਕੇ ਮੇਰੇ ਅਗੇ ਰਖੀ, ਉਸ ਵਿਚ ਨ ਕੋਈ ਅੰਗ ਸੀ ਅਤੇ ਨ ਕੋਈ ਸਰੀਰ ਸੀ, ਮੈਂ ਉਸ ਮਸ਼ਕ ਨੂੰ ਸ਼ਰੀਂਹ ਦੀ ਟਾਹਣੀ ਨਾਲ ਫੋਲਿਆ ਪਰ ਉਹਦੇ ਵਿਚੋਂ ਮੈਨੂੰ ਕੁਝ ਪ੍ਰਾਪਤ ਨ ਹੋਇਆ। ਅਖੀਰ ਨਿਰਾਸ਼ ਹੋ ਕੇ ਮੈਂ ਘਰ ਹੀ ਵਿਚੋਂ ਟੋਇਆ ਪੁਟ ਕੇ ਉਸ ਮਸ਼ਕ ਨੂੰ ਦੱਬ ਦਿੱਤਾ। ਦਾਈ ਅਪਣੇ ਘਰ ਚਲੀ ਗਈ।

**ਏ ਪੁਤ ਤੂੰ ਜਨਮਿਓ ਜਿਸ ਕਾਲ, ਤੋ ਦਾਈ ਲਿਆ ਮਮ ਪਾਸ ਧਰਾਇਓ,**

**ਪੌਣ ਭਰੀ ਜਿਮ ਮਸ਼ਕ ਫੂਲੀ ਸਮ, ਨ ਕਿਛ ਅੰਗ ਸਰੀਰ ਜਤਾਇਓ।**

**ਮੈਂ ਤਿਨਕੇ ਸੰਗ ਛੇਰ ਦਬਾਏ ਕੇ, ਦੰਗ ਭਇਓ ਕਿਛ ਹਾਥ ਨ ਆਇਓ।**

(ਸ੍ਰੀ ਸਤਿਗੁਰੂ ਬਿਲਾਸ)

ਦਾਈ ਨੇ ਲੋਕਾਂ ਨੂੰ ਦਸਿਆ ਕਿ ਜੱਸੇ ਤਰਖਾਣ ਘਰ ਮਸ਼ਕ ਪੈਦਾ ਹੋਈ ਏ। ਮੈਂ ਕੀ ਕਰ ਸਕਦਾ ਸਾਂ? ਉਹ ਠੀਕ ਕਹਿ ਰਹੀ ਸੀ। ਦਾਈ ਦੇ ਦਸਣ ਤੇ ਅਫਸੋਸ ਕਰਨ ਲਈ ਕਈ ਜਨਾਨੀਆਂ ਸਾਡੇ ਘਰ ਆਈਆਂ। ਅੰਦਰ ਵੜਦਿਆਂ ਹੱਲੀ ਕੁਝ ਕਹਿਣ ਹੀ ਲਗੀਆਂ ਸਨ ਕਿ ਉਨ੍ਹਾਂ ਨੂੰ ਕ੍ਰੋੜਾਂ ਚੰਦਰਮਾਂ ਨੂੰ ਮਾਤ ਕਰ ਦੇਣ ਵਾਲਾ ਇਕ ਬਾਲਕ ਪਲੰਘ ਉਤੇ ਅਨੋਖੇ ਕੌਤਕ ਖੇਡਦਾ ਵਿਖਾਈ ਦਿੱਤਾ।

ਉਹ **ਬਾਲਕ ਕਿਥੋਂ ਆਇਆ ਅਤੇ ਕਦੋਂ ਆਇਆ ਕਿਸੇ ਨੂੰ ਕੋਈ ਪਤਾ ਨਹੀ। ਉਹ ਬਾਲਕ ਅਜ ਆਪ ਸਾਮਣੇ ਬੈਠੇ ਹੋ।**

ਉਨ੍ਹਾਂ ਜਨਾਨੀਆਂ ਨੇ ਦਾਈ ਨੂੰ ਜਾ ਕੇ ਆਖਿਆ ਕਿ ਤੂੰ ਐਵੇਂ ਝੂਠੀ ਝੂਠ ਬੋਲਦੀ ਏਂ। ਜੱਸੇ ਦੇ ਘਰ ਤਾਂ ਇਕ ਨੂਰੀ ਮੁਖੜੇ ਵਾਲਾ ਬਾਲਕ ਪੈਦਾ ਹੋਇਆ ਹੈ। ਦਾਈ ਜਿਹੜੀ ਕਿ ਆਪ ਅਪਣੀ ਹਾਜਰੀ ਵਿਚ ਮਸ਼ਕ ਨੂੰ ਧਰਤੀ ਵਿਚ ਦਬਵਾ ਕੇ ਗਈ ਸੀ, ਉਹ ਸਾਡੇ ਘਰ ਫਿਰ ਆਈ। ਆ ਕੇ ਵੇਖਿਓ ਸੂ ਕਿ ਸਚ ਮੁਚ ਅਤਿ ਸੁੰਦਰ ਬਾਲਕ ਪਲੰਘ ਉਤੇ ਲੇਟਿਆ ਪਇਆ ਹੈ। ਹੈਰਾਨ ਰਹਿ ਗਈ, ਆਪ ਮੁਹਾਰੇ ਉਹਦੇ ਮੂੰਹੋਂ ਨਿਕਲ ਗਿਆ:-

**ਏਹ ਬਾਲਕ ਖਾਕੀ ਨਹੀ, ਨੂਰੀ ਹੈ**

# ਪ੍ਰਕਾਸ਼ ਉਤਸ਼ਵ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ

ਪਾਤਸ਼ਾਹੀ ਬਾਰ੍ਹਵੀਂ



ਬਾਰ੍ਹਵੀਂ ਪਾਤਸ਼ਾਹੀ

Sri Satguru Jagjit Singh Ji Elibrary NamdhariElibrary@gmail.com

NO.

DATE

ਬਾਬਾ ਜੱਸਾ ਸਿੰਘ ਜੀ ਦੇ ਦੱਸਣ ਅਨੁਸਾਰ ਅਤੇ ਗੁਰੂ ਬਾਲਕ ਸਿੰਘ ਜੀ ਦੇ ਸਤਿਗੁਰ ਰਾਮ ਸਿੰਘ ਜੀ ਨੂੰ ਠਾਕੁਰ ਜੀ ਦੇ ਸ਼ਬਦ ਨਾਲ ਸਤਿਕਾਰਣ ਤੋਂ ਇਹ ਸ਼ਕ ਪੈਂਦਾ ਹੈ ਕਿ ਸ਼ਾਇਦ ਭਗਤ ਕਬੀਰ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਹੀ ਲਿਖਿਆ ਹੋਵੇ :-

ਸੰਕਟ ਨਹੀ ਪਰੈ, ਜੋਨ ਨਹੀ ਆਵੈ, ਨਾਮ ਨਿਰੰਜਨ ਜਾਕੋ ਰੇ
ਕਬੀਰ ਕੋ ਸੁਆਮੀ ਐਸੋ ਠਾਕੁਰ ਜਾ ਕਾ ਮਾਈ ਨ ਬਾਪੋ ਰੇ

ਇਕ ਕਵੀ ਜਿਸਦੇ ਨਾਮ ਦਾ ਪਤਾ ਨਹੀਂ ਲਗ ਸਕਿਆ, ਲਿਖਦਾ ਹੈ:

ਦਾਈ ਕੌਤਕ ਦੇਖ ਅਚੰਬਾ, ਐਸੀ ਅਚਰਜ ਹੋਈ ।
ਬਾਬਾ ਜੱਸਾ ਸਿੰਘ ਦੇ ਤਾਈਂ, ਆ ਕੀਤੀ ਅਰਜੋਈ ।
ਆਹ ਵੇਖੋ! ਉਸ ਰਚਨਹਾਰ ਨੇ, ਕੀ ਹੈ ਸਾਂਗ ਰਚਾਇਆ ।
ਆਸਾਂ ਅਤੇ ਉਮੈਦਾਂ ਉਤੇ, ਪਾਣੀ ਹਾ ਫਿਰਾਇਆ ।
ਥੋੜੇ ਸਮੇਂ ਪਿਛੋਂ ਜਦ ਦਾਈ, ਇਕ ਅਚਰਜ ਹੋਰ ਨਿਹਾਰ ।
ਪਲੰਘ ਉਪਰ ਇਕ ਬਾਲ ਅਨੋਖਾ, ਚਮਕੇ ਜਿਵੇਂ ਸਿਤਾਰਾ ।
ਮੁੜ ਦੀ ਪੈਰੀਂ ਦਾਈ ਆ ਕੇ, ਉੱਚੀ ਧੁਨ ਅਲਾਈ ।
ਘਰ ਤੇਰੇ ਹੈ ਪਰਗਟ ਹੋਇਆ, ਸਾਰੇ ਜੱਗ ਦਾ ਸਾਈਂ ।

7

NO.

DATE

ਸੰਤ ਕਰਤਾਰ ਸਿੰਘ ਜੀ ਸੋਧੀ, ਅਕਾਲ ਪੁਰਖ ਸ੍ਰੀ
ਸਤਿਗੁਰੂ ਰਾਮ ਸਿੰਘ ਜੀ ਦੇ ਸ਼ੁਭ ਆਗਮਨ ਦੀ ਵਧਾਈ ਦਿੰਦੇ ਹੋਏ ਲਿਖਦੇ ਹਨ

ਰਚੀ ਜੋਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ,
ਤੁਛ ਬੁਧੀ ਮੈਂ ਕੀ ਸੁਣ ਸਕਦਾ।
ਸ਼ੇਸ਼ ਨਾਗ ਦੀ ਜੀਭ ਸਹੰਸ ਹੋਵੇ,
ਉਹ ਵੀ ਅੰਤ ਨ ਗੁਰਾਂ ਦਾ ਪਾ ਸਕਦਾ।
ਹੱਥ ਬ੍ਰਹਮਾ ਦੇ ਬੇਦ ਬੇਅੰਤ ਹੋਵਨ,
ਚੀਨੀ ਵਾਲੇ ਦੇ ਗੁਣ ਨਹੀਂ ਗਾ ਸਕਦਾ।
ਸਿਆਹੀ ਸਿੰਧ ਬਣ ਜਾਏ ਸਭ ਕਲਮ ਹੋਵੇ
ਅੰਤ ਲਿਖਣੇ ਵਿਚ ਨਹੀਂ ਆ ਸਕਦਾ।
ਮੈ ਬਲਿਹਾਰ ਜਾਵਾਂ ਲਖ ਵਾਰ ਗੁਰਾਂ ਤੋਂ,
ਮੋਹਣੀ ਜੋਤ ਤੋਂ ਜੋਤ ਸਵਾਈ ਹੋਵੇ।
ਆਏ ਕੰਤ ਬਸੰਤ ਨੂੰ ਭਾਗ ਲਾਵਣ,
ਕੁਲ ਆਲਮ ਦੇ ਤਾਈਂ ਵਧਾਈ ਹੋਵੇ।

ਗਲਤੀਆਂ ਦੀ ਖਿਮਾ ਦਾ
ਜਾਚਕ
ਸੰਤੋਖ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com